# एहिओ द्वारा मैया दा

ਏਹੀਓ ਦਵਾਰਾ, ਮਈਆ ਦਾ, ਸੱਚਾ ਦਵਾਰਾ ਮਈਆ ਦਾ ॥
^ਸੱਚਾ ਦਵਾਰਾ, ਮਈਆ ਦਾ, ਸੱਚਾ ਦਵਾਰਾ ਮਈਆ ਦਾ ।
ਏਹੀਓ ਦਵਾਰਾ, ਮਈਆ ਦਾ, ਸੱਚਾ ਦਵਾਰਾ,,,,,,,,,,,,,,,

ਉੱਚੇ ਪਰਬਤ, ਕਠਿਨ ਚੜ੍ਹਾਈ, ਗੁਫ਼ਾ ਦਾ ਅਜ਼ਬ ਨਜ਼ਾਰਾ ॥
ਪਿੰਡੀ ਰੂਪ ਦਾ, ਦਰਸ਼ਨ ਜਿੱਥੇ, ਲਾਲ ਮੰਦਿਰ ਹੈ ਪਿਆਰਾ ।
ਹੋ ਪਿੰਡੀ ਰੂਪ ਦਾ, ਦਰਸ਼ਨ ਜਿੱਥੇ, ਲਾਲ ਮੰਦਿਰ ਹੈ ਪਿਆਰਾ,
ਏਹੀਓ ਦਵਾਰਾ, ਮਈਆ ਦਾ, ਸੱਚਾ ਦਵਾਰਾ,,,,,,,,,,,,,,,

ਆਣ ਯਾਤਰੂ, ਜਾਣ ਯਾਤਰੂ, ਜੈ ਜੈਕਾਰ ਬੁਲਾਉਂਦੇ ॥
ਸੀਸ ਝੁਕਾ ਕੇ, ਹੱਥ ਜੋੜ ਕੇ, ਮਈਆ ਤੋਂ ਵਰ ਪਾਉਂਦੇ ।
ਹੋ ਸੀਸ ਝੁਕਾ ਕੇ, ਹੱਥ ਜੋੜ ਕੇ, ਮਈਆ ਤੋਂ ਵਰ ਪਾਉਂਦੇ,
ਏਹੀਓ ਦਵਾਰਾ, ਮਈਆ ਦਾ, ਸੱਚਾ ਦਵਾਰਾ,,,,,,,,,,,,,,,

ਨਿੱਕੀਆਂ ਨਿੱਕੀਆਂ, ਕੰਜ਼ਕਾਂ ਖੇਡਣ, ਵੇਖੋ ਮਾਂ ਦੇ ਦਵਾਰੇ ॥
ਮੋਰ ਪਪੀਹੇ, ਰਾਗ ਅਲਾਪਣ, ਵੱਜਦੇ ਰਹਿਣ ਨਗਾੜੇ ।
ਹੋ ਮੋਰ ਪਪੀਹੇ ਰਾਗ ਅਲਾਪਣ, ਵੱਜਦੇ ਰਹਿਣ ਨਗਾੜੇ,
ਏਹੀਓ ਦਵਾਰਾ, ਮਈਆ ਦਾ, ਸੱਚਾ ਦਵਾਰਾ,,,,,,,,,,,,,,,

ਗੁਫ਼ਾ ਦੇ ਅੰਦਰ, ਚਰਨ ਗੰਗਾ ਹੈ, ਜੱਗ ਦੀ ਤਾਰਨ ਹਾਰੀ ।
ਗੇੜ੍ਹ ਚੌਰਾਸੀ, ਕੱਟ ਦੇਂਦੀ ਹੈ, ਮਈਆ ਆਦਿ ਕੁੰਵਾਰੀ ।
ਹੋ ਗੇੜ੍ਹ ਚੌਰਾਸੀ, ਕੱਟ ਦੇਂਦੀ ਹੈ, ਮਈਆ ਆਦਿ ਕੁੰਵਾਰੀ,
ਏਹੀਓ ਦਵਾਰਾ, ਮਈਆ ਦਾ, ਸੱਚਾ ਦਵਾਰਾ,,,,,,,,,,,,,,,

ਬੋਲ ਕੇ, ਇੱਕ ਜੈਕਾਰਾ ਨਿਰਮਲ, ਜੀਵਨ ਸਫ਼ਲ ਬਣਾ ਲੈ ॥
ਜੈ ਮਾਤਾ ਦੀ, ਜੈ ਮਾਤਾ ਦੀ, ਸੁਆਂਸ ਸੁਆਂਸ ਤੂੰ ਗਾ ਲੈ ।
ਹੋ ਜੈ ਮਾਤਾ ਦੀ, ਜੈ ਮਾਤਾ ਦੀ, ਸੁਆਂਸ ਸੁਆਂਸ ਤੂੰ ਗਾ ਲੈ,
ਏਹੀਓ ਦਵਾਰਾ ਮਈਆ ਦਾ, ਸੱਚਾ ਦਵਾਰਾ,,,,,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ


https://www.bhajanganga.com/bhajan/lyrics/id/27651/title/ehio-dwara-mayia-da

अपने Android मोबाइल पर BhajanGanga App डाउनलोड करें और भजनों का आनंद ले |